22

# ਮਸੀਹ ਦਾ ਪ੍ਰਚਾਰ ਕਰਨ ਤੋਂ ਕੀ ਭਾਵ ਹੈ

## (8:5, 12)

ਰਸੂਲਾਂ ਦੇ ਕੰਮ 8:5 ਵਿਚ ਅਸੀਂ ਪੜ੍ਹਦੇ ਹਾਂ, ''ਅਤੇ ਫ਼ਿਲਿੱਪੁਸ ਨੇ ਸਾਮਰੀਆਂ ਦੇ ਨਗਰ ਵਿਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪ੍ਰਚਾਰ ਕੀਤਾ।'' ਸਿੰਗਮੈਨ[1] ਗ੍ਰੀ ਨੇ ਇਕ ਵਾਰ ਕਿਹਾ ਸੀ ਕਿ ''ਕੋਰੀਆ ਦੀ ਸਭ ਤੋਂ ਵੱਡੀ ਲੋੜ ਮਸੀਹ ਦੇ ਪ੍ਰਚਾਰ ਲਈ ਸ਼ਰਧਾਲੂ ਲੋਕਾਂ ਤੋਂ ਵਧਕੇ ਹੋਰ ਕੋਈ ਨਹੀਂ ਹੈ!''[2] ਅਸੀਂ ਇਸ ਵਿਚ ਹੋਰ ਜੋੜਾਂਗੇ: ''ਦੁਨੀਆਂ ਦੀ ਸਭ ਤੋਂ ਵੱਡੀ ਲੋੜ ਕੋਈ ਹੋਰ ਨਹੀਂ'' (ਵੇਖੋ 1 ਕੁਰਿੰਥੀਆਂ 1:23, 24; 2:2; ਗਲਾਤੀਆਂ 6:14)। ''ਮਸੀਹ ਦਾ ਪ੍ਰਚਾਰ'' ਕਰਨ ਤੋਂ ਕੀ *ਭਾਵ* ਹੈ? ''ਅਸੀਂ ਮਸੀਹ ਦਾ ਪ੍ਰਚਾਰ ਕਰਦੇ ਹਾਂ'' ਸ਼ਬਦ ਆਮ ਤੌਰ ਤੇ ਚਰਚ ਦੇ ਬੈਨਰਾਂ ਤੇ ਲਿਖੇ ਮਿਲਦੇ ਹਨ, ਪਰ ਕਹਿਣਾ ਇਕ ਗੱਲ ਹੈ ਅਤੇ ਕਰਨਾ ਦੂਜੀ।

ਫ਼ਿਲਿੱਪੁਸ ਅਤੇ ਸਾਮਰੀਆਂ ਦੀ ਕਹਾਣੀ ਤੋਂ ਸਾਨੂੰ ਚੰਗੀ ਤਰ੍ਹਾਂ ਪਤਾ ਲਗਦਾ ਹੈ ਕਿ ''ਮਸੀਹ ਦਾ ਪ੍ਰਚਾਰ'' ਕਰਨ ਲਈ ਅਸਲ 'ਚ ਕੀ ਕਰਨ ਦੀ ਲੋੜ ਹੈ।

### ਮਸੀਹ ਦੀ ਸ਼ਖ਼ਸੀਅਤ (8:5)

ਕੋਈ ਸ਼ੱਕ ਨਹੀਂ ਕਿ ਫ਼ਿਲਿੱਪੁਸ ਨੇ ਸਾਮਰੀਆਂ ਵਿਚ ''ਮਸੀਹ ਦਾ ਪ੍ਰਚਾਰ'' ਕਰਦਿਆਂ ਮਸੀਹ ਬਾਰੇ ਉਨ੍ਹਾਂ ਮਹਾਨ ਸੱਚਾਈਆਂ ਦੱਸੀਆਂ ਜਿਨ੍ਹਾਂ ਦਾ ਪ੍ਰਚਾਰ ਆਤਮਾ ਦੀ ਪ੍ਰੇਰਣਾ ਪਾਏ ਹੋਏ ਹੋਰਨਾਂ ਪ੍ਰਚਾਰਕਾਂ ਨੇ ਕੀਤਾ ਸੀ। ਯਾਨੀ ਯਿਸੂ ਦੁਆਰਾ ਨਬੂਵਤ ਨੂੰ ਪੂਰਾ ਕਰਨ (2:16; 8:35), ਉਹਦੀ ਜ਼ਿੰਦਗੀ ਅਤੇ ਮੋਅਜਜ਼ਿਆਂ ਦੇ ਜ਼ਿਕਰ (2:22; 10:38), ਉਨ੍ਹਾਂ ਲਈ ਉਹਦੀ ਸਲੀਬ ਉੱਤੇ ਉਹਦੀ ਮੌਤ (2:23; 8:32; 10:39), ਮੁਰਦਿਆਂ ਵਿੱਚੋਂ ਉਹਦੇ ਜੀ ਉੱਠਣ (2:32; 10:40), ਖ਼ੁਦਾ ਦੇ ਸੱਜੇ ਹੱਥ ਉਠਾਏ ਜਾਣ ਅਤੇ ਸਵਰਗ ਵਿਚ ਉਹਦੇ ਰਾਜ (2:30-36), ਅਤੇ ਵਾਪਸ ਆਉਣ ਦੇ ਉਹਦੇ ਵਾਅਦੇ (10:42) ਦੀਆਂ ਗੱਲਾਂ ਦਾ ਪ੍ਰਚਾਰ। ਇਹ ਸਭ ਸੱਚਾਈਆਂ ਫ਼ਿਲਿੱਪੁਸ ਦੇ ਪ੍ਰਚਾਰ ਦਾ ਅਧਾਰ ਅਤੇ ਸਾਰ ਰਹੀਆਂ ਹੋਣਗੀਆਂ, ਪਰ ''ਮਸੀਹ ਦਾ ਪ੍ਰਚਾਰ'' ਕਰਨ ਵਿਚ ਹੋਰ ਵੀ ਗੱਲਾਂ ਸ਼ਾਮਲ ਸਨ।

### ਮਸੀਹ ਦਾ ਰਾਜ (8:12)

ਆਇਤ 12 'ਚ ਕਿਹਾ ਗਿਆ ਹੈ, ''ਜਾਂ ਉਨ੍ਹਾਂ [ਸਾਮਰੀਆਂ] ਨੇ ਫ਼ਿਲਿੱਪੁਸ ਦੀ ਪ੍ਰਤੀਤ

ਕੀਤੀ ਜੋ ਪ੍ਰਮੇਸ਼ਵਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ਖ਼ਬਰੀ ਸੁਣਾਉਂਦਾ ਸੀ ਤਾਂ ਮਨੁੱਖ ... ਬਪਤਿਸਮਾ ਲੈਣ ਲੱਗੇ।'' ਆਇਤ 12 ਤੋਂ ਸਪਸ਼ਟ ਹੋ ਜਾਂਦਾ ਹੈ ਕਿ ''ਮਸੀਹ ਦਾ ਪ੍ਰਚਾਰ'' ਕਰਨ ਲਈ ਯਿਸੂ ਬਾਰੇ ਮਹਾਨ ਬੁਨਿਆਦੀ ਸੱਚਾਈਆਂ ਦੱਸਣ ਤੋਂ ਵਧ ਕੇ ਕੁਝ ਹੋਰ ਵੀ ਸ਼ਾਮਲ ਹੁੰਦਾ ਹੈ।

ਜੌਨ ਏ. ਰੈੱਡਹੈੱਡ ਨੇ ਆਪਣੀ ਕਿਤਾਬ *ਗੈਟਿੰਗ ਟੂ ਨੋ ਗਾਡ* ਵਿਚ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਆਮ ਤੌਰ ਤੇ ਸਾਡੀਆਂ ਧਾਰਮਿਕ ਮਾਨਤਾਵਾਂ ਅਮਲੀ ਨਹੀਂ ਹੁੰਦੀਆਂ ਅਤੇ ਸਾਨੂੰ ਖ਼ੁਦਾ ਵਿਚ ਆਪਣੇ ਵਿਸ਼ਵਾਸ ਦੀ *ਵਰਤੋਂ* ਕਰਨ ਦੇ ਯੋਗ ਹੋਣ ਲਈ ਕੁਝ ''ਦਸਤਿਆਂ'' ਦੀ ਲੋੜ ਹੈ।[3] ਇਹੀ ਗੱਲ ਮਸੀਹ ਦੇ ਪ੍ਰਚਾਰ ਕਰਨ ਲਈ ਲਾਗੂ ਹੁੰਦੀ ਹੈ। ਜੇ ਮੈਂ ਅਤੇ ਤੁਸੀਂ ''ਮਸੀਹ ਦਾ ਪ੍ਰਚਾਰ'' ਕਰਨਾ ਚਾਹੁੰਦੇ ਹਾਂ ਤਾਂ ਲੋਕਾਂ ਨੂੰ ਕੁਝ ''ਦਸਤੇ'' ਫੜਾਉਣੇ ਵੀ ਜ਼ਰੂਰੀ ਹਨ। ਇਹ ਦੱਸੇ ਬਿਨਾਂ ਕਿ ਲੋਕ ਉਨ੍ਹਾਂ ਗੱਲਾਂ ਦਾ ਫ਼ਾਇਦਾ ਕਿਵੇਂ ਚੁੱਕ ਸਕਣਗੇ, ਯਿਸੂ ਬਾਰੇ ਤੱਥ ਪੇਸ਼ ਕਰਨਾ ਇਵੇਂ ਹੈ ਜਿਵੇਂ ਕਿਸੇ ਨੂੰ ਬਿਨਾਂ ਸਿਖਲਾਈ ਦਿੱਤੇ ਹਥਿਆਰ ਫੜਾ ਦਿੱਤੇ ਜਾਣ। ਬਹੁਤ ਸਾਲ ਪਹਿਲਾਂ ਇਕ ਡੀਲਰ ਨੇ ਦੂਰ ਦੁਰਾਡੇ ਇਕ ਪਿੰਡ ਵਿਚ ਕੋਸ਼ਿਸ਼ ਕਰਕੇ ਇਕ ਬਜ਼ੁਰਗ ਨੂੰ ਫ਼ਰਿੱਜ ਵੇਚ ਦਿੱਤੀ ਜਿਸ ਨੇ ਕਦੇ ਅਜਿਹਾ ਚਮਤਕਾਰ ਨਹੀਂ ਵੇਖਿਆ ਸੀ। ਡੀਲਰ *ਕੁਝ* ਦਿਨ ਬਾਅਦ ਵਾਪਸ ਆਇਆ ਤਾਂ ਉਸ ਨੇ ਉਸ ਆਦਮੀ ਤੋਂ ਪੁੱਛਿਆ, ''ਤੁਹਾਨੂੰ ਆਪਣੀ ਨਵੀਂ ਫ਼ਰਿੱਜ ਕਿਹੋ ਜਿਹੀ ਲੱਗੀ?'' ਉਸ ਆਦਮੀ ਦਾ ਜਵਾਬ ਸੀ, ''ਬਹੁਤ ਵਧੀਆ, ਪਰ ਬਰਫ਼ ਲਾਉਣ ਵਾਲੀ ਉਸ ਛੋਟੀ ਜਿਹੀ ਟਰੇਅ ਵਿਚ ਬਰਫ਼ ਲਾਉਣਾ ਬੜਾ ਔਖਾ ਅਤੇ ਥਕਾ ਦੇਣ ਵਾਲਾ ਕੰਮ ਹੈ।'' ਨਵੇਂ ਸਮਾਨ ਵਾਂਗ ਹੀ ਸੱਚਾਈ ਨੂੰ ਵੀ ਖੋਲ੍ਹ ਕੇ ਸਮਝਾਉਣਾ ਅਤੇ ਉਹਦੀ ਪ੍ਰਾਸੰਗਿਕਤਾ ਦੱਸਣਾ ਜ਼ਰੂਰੀ ਹੈ।

ਜਦ ਫ਼ਿਲਿੱਪੁਸ ਨੇ ''ਮਸੀਹ ਦਾ ਪ੍ਰਚਾਰ'' ਕੀਤਾ ਤਾਂ ਉਸ ਦਾ ਪ੍ਰਚਾਰ ਵਿਹਾਰਕ ਸੀ। ਆਇਤ 12 ਵਿਚ ਟਿੱਪਣੀ ਹੈ ਕਿ ''ਮਸੀਹ ਦਾ ਪ੍ਰਚਾਰ'' ਕਰਦਿਆਂ ਉਸ ਨੇ *ਪ੍ਰਮੇਸ਼ਵਰ ਦੇ ਰਾਜ* ਦਾ ਪ੍ਰਚਾਰ ਕੀਤਾ। ਅਧਿਆਇ 1 ਤੋਂ ਹੁਣ ਤਕ ਪਹਿਲੀ ਵਾਰ ਅਸੀਂ ''ਰਾਜ'' ਸ਼ਬਦ ਦੀ ਵਰਤੋਂ ਵੇਖੀ ਹੈ। ''ਰਸੂਲਾਂ ਦੇ ਕੰਮ, ਭਾਗ 1'' ਵਿਚ ''ਇਹ ਸਭ ਕਾਹਦੇ ਬਾਰੇ ਹੈ?'' ਪਾਠ ਵਿਚ ਅਸੀਂ ਧਿਆਨ ਦਿੱਤਾ ਸੀ ਕਿ ਇੰਜੀਲ ਦੇ ਵਿਰਤਾਂਤਾਂ ਵਿਚ ਯਿਸੂ ਦੁਆਰਾ ਕਾਇਮ ਕੀਤੇ ਸੰਸਥਾਨ ਲਈ ਮੁੱਖ ਸ਼ਬਦ ''ਰਾਜ'' ਦੀ ਵਰਤੋਂ ਕੀਤੀ ਗਈ ਹੈ, ਜਦ ਕਿ ਰਸੂਲਾਂ ਦੇ ਕੰਮ ਵਿਚ ''ਕਲੀਸੀਆ'' ਸ਼ਬਦ ਦੀ। ਅਧਿਆਇ 2 ਵਿਚ ਰਾਜ/ਕਲੀਸੀਆ ਦੇ ਕਾਇਮ ਹੋਣ ਤੋਂ ਲੈ ਕੇ, ਅਸੀਂ ''ਕਲੀਸੀਆ'' ਬਾਰੇ ਤਾਂ ਪੜ੍ਹਿਆ (ਰਸੂਲਾਂ ਦੇ ਕੰਮ 5:11; 8:1, 3) ਪਰ ਰਾਜ ਬਾਰੇ ਨਹੀਂ। ਫ਼ਿਲਿੱਪੁਸ ਨੇ ''ਰਾਜ'' ਸ਼ਬਦ ਦੀ ਵਰਤੋਂ ਕਿਉਂ ਕੀਤੀ? ਕਿਉਂਕਿ ਸਾਮਰੀ ਵੀ ਮਸੀਹ ਦੇ ਆਉਣ ਦੀ ਉਡੀਕ ਕਰ ਰਹੇ ਸਨ (ਉਨ੍ਹਾਂ ਨੇ ਆਪਣੇ ਯਹੂਦੀ ਗੁਆਂਢੀਆਂ ਤੋਂ ਸੁਣ ਰੱਖਿਆ ਸੀ) ਜਿਹਨੇ ਰਾਜ ਕਾਇਮ ਕਰਨਾ ਸੀ (ਯੂਹੰਨਾ 4:25)।[4]

''ਪ੍ਰਮੇਸ਼ਵਰ ਦਾ ਰਾਜ'' ਬੁਨਿਆਦੀ ਤੌਰ ਤੇ ''ਖ਼ੁਦਾ ਦੀ ਹਕੂਮਤ'' ਵੱਲ ਇਸ਼ਾਰਾ ਹੈ, ਭਾਵੇਂ ਉਹ ਧਰਤੀ ਤੇ ਹੋਵੇ (ਖ਼ਾਸ ਅਰਥ ਵਿਚ ਕਲੀਸੀਆ ਵਿਚ[5]) ਜਾਂ ਸਵਰਗ ਵਿਚ (ਯਾਕੂਬ 2:5)। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸੰਦਰਭ ਵਿਚ, ਫ਼ਿਲਿੱਪੁਸ ਦਾ ਜ਼ੋਰ ਕਲੀਸੀਆ ਤੇ ਹੀ ਸੀ। ਕਲੀਸੀਆ ਦਾ ਪ੍ਰਚਾਰ ਕੀਤੇ ਬਿਨਾਂ ''ਯਿਸੂ ਮਸੀਹ ਦਾ ਪ੍ਰਚਾਰ'' ਨਹੀਂ ਕੀਤਾ ਜਾ ਸਕਦਾ ਕਿਉਂਕਿ ਮਸੀਹ ਕਲੀਸੀਆ ਦਾ ਬਣਾਉਣ ਵਾਲਾ ਹੈ (ਮੱਤੀ 16:18), ਮਸੀਹ ਕਲੀਸੀਆ ਲਈ ਮਰਿਆ (ਰਸੂਲਾਂ ਦੇ ਕੰਮ 20:28), ਮਸੀਹ ਕਲੀਸੀਆ ਦਾ ਸਿਰ ਹੈ

(ਅਫ਼ਸੀਆਂ 1:22, 23), ਅਤੇ ਮਸੀਹ ਕਲੀਸੀਆ ਨੂੰ ਜ਼ਿੰਦਗੀ ਦੇਣ ਵਾਲਾ ਅਤੇ ਉਸ ਦਾ ਮੁਕਤੀ ਦਾਤਾ ਹੈ (ਅਫ਼ਸੀਆਂ 5:23-25)!

ਫ਼ਿਲਿੱਪੁਸ ਨੇ ''ਪ੍ਰਮੇਸ਼ਵਰ ਦੇ ਰਾਜ ਦੀ ਖੁਸ਼ਖ਼ਬਰੀ'' ਭਾਵ ਕਲੀਸੀਆ ਦਾ ਪ੍ਰਚਾਰ ਕਰਦਿਆਂ ਕੀ ਕਿਹਾ ਹੋਵੇਗਾ? ਉਹਨੇ ਇਸ ਖੁਸ਼ਖ਼ਬਰੀ ਦਾ ਪ੍ਰਚਾਰ ਕੀਤਾ ਹੋਵੇਗਾ ਕਿ ਰਾਜ/ਕਲੀਸੀਆ ਕਾਇਮ ਹੋ ਚੁੱਕੀ ਹੈ। ਉਹਨੇ ਉਸ ਸੰਗਤੀ ਬਾਰੇ ਵੀ ਦੱਸਿਆ ਹੋਵੇਗਾ ਜੋ ਕਲੀਸੀਆ ਵਿਚ ਮੌਜੂਦ ਸੀ। ਉਹਨੇ ਵਿਸਤਾਰ ਨਾਲ ਦੱਸਿਆ ਹੋਵੇਗਾ ਕਿ ਕਲੀਸੀਆ ਦੇ ਲੋਕ ਬੰਦਗੀ ਵਾਸਤੇ, ਖ਼ੁਦਾ ਅਤੇ ਲੋਕਾਂ ਦੀ ਸੇਵਾ ਲਈ ਕਿਵੇਂ ਇਕੱਠੇ ਹੋਣ।

## ਮਸੀਹ ਦਾ ਨਾਂਅ (8:12)

ਫ਼ਿਲਿੱਪੁਸ ਨੇ ''ਮਸੀਹ ਦਾ ਪ੍ਰਚਾਰ'' ਕਰਕੇ ''ਯਿਸੂ ਮਸੀਹ ਦੇ ਨਾਮ'' ਦਾ ਵੀ ਪ੍ਰਚਾਰ ਕੀਤਾ। ਅਧਿਆਇ 3 ਅਤੇ 4 ਵਿਚ ਆਪਣੇ ਅਧਿਐਨ ਵਿਚ ਅਸੀਂ ਜ਼ੋਰ ਦਿੱਤਾ ਸੀ ਕਿ ''ਯਿਸੂ'' ਦੇ ਨਾਮ ਤੋਂ ਉਹ ਸਭ ਪਤਾ ਲਗਦਾ ਹੈ, ਜੋ ਉਹ ਅਸਲ ਵਿਚ ਹੈ। ਲੋਕਾਂ ਨੂੰ ਉਹਦੇ ਪਵਿੱਤਰ ਨਾਮ ਵਿਚ ਬਪਤਿਸਮਾ ਦਿੱਤਾ ਗਿਆ ਸੀ (2:38)। ਰਸੂਲਾਂ ਨੇ ਯਿਸੂ ਦੇ ਨਾਮ ਨਾਲ ਲੋਕਾਂ ਨੂੰ ਚੰਗਾ ਕੀਤਾ ਸੀ (3:16)। ਥੋੜ੍ਹੀ ਦੇਰ ਬਾਅਦ ਚੇਲਿਆਂ ਨੂੰ ਇਹ ਨਾਂਅ ਅਪਣਾਉਣ ਵਿਚ ਫ਼ਖ਼ਰ ਮਹਿਸੂਸ ਹੋਇਆ ਸੀ (11:26; 26:28)। ਇਕ ਵਾਰ ਇਕ ਪ੍ਰਚਾਰਕ ਨੇ ਐਲਾਨ ਕੀਤਾ ਕਿ ''ਨਾਂਅ ਵਿਚ ਕੁਝ ਨਹੀਂ ਰੱਖਿਆ!'' ਉਸੇ ਵੇਲੇ, ਸੁਣਨ ਵਾਲਿਆਂ ਵਿੱਚੋਂ ਕਿਸੇ ਨੇ ਰੌਲਾ ਪਾ ਦਿੱਤਾ, ''ਬਾਲਜ਼ਬੂਲ (ਭਾਵ ਸ਼ੈਤਾਨ) ਦੀ ਵਡਿਆਈ ਹੋਵੇ!'' ਉਸ ਆਦਮੀ ਨੇ ਲੋਕਾਂ ਨੂੰ ਇਹ ਅਹਿਸਾਸ ਦਵਾਉਣ ਲਈ ਹੈਰਾਨ ਕਰ ਦਿੱਤਾ ਕਿ ''ਨਾਂਅ ਵਿਚ ਕੁਝ'' *ਹੈ!* ਅਫ਼ਰੀਕਾ ਵਿਚ ਇਕ ਪ੍ਰਾਰਥਨਾ ਭਵਨ ਦੇ ਬਾਹਰ ਇਹ ਦੋ ਆਇਤਾਂ ਐਨੀਆਂ ਮੋਟੀਆਂ ਮੋਟੀਆਂ ਕਰਕੇ ਪੇਂਟ ਕੀਤੀਆਂ ਗਈਆਂ ਹਨ ਕਿ ਦੂਰ ਤੋਂ ਪੜ੍ਹੀਆਂ ਜਾ ਸਕਦੀਆਂ ਹਨ: ''ਤੁਹਾਨੂੰ *ਮਸੀਹ* ਦੀਆਂ ਸਾਰੀਆਂ ਕਲੀਸੀਆਵਾਂ ਵੱਲੋਂ ਸਲਾਮ''; ''ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ'' (ਰੋਮੀਆਂ 16:16; ਰਸੂਲਾਂ ਦੇ ਕੰਮ 4:12)। ਜੇ ਅਸੀਂ ''ਮਸੀਹ ਦਾ ਪ੍ਰਚਾਰ'' ਕਰਦੇ ਹਾਂ, ਤਾਂ ਸਾਨੂੰ ਉਹਦੇ ਨਾਮ ਨੂੰ ਵਡਿਆਈ ਦੇਣੀ ਚਾਹੀਦੀ ਹੈ।

## ਮੁਕਤੀ ਲਈ ਮਸੀਹ ਦੀਆਂ ਸ਼ਰਤਾਂ (8:12)

ਅਖ਼ੀਰ ਵਿਚ, ਫ਼ਿਲਿੱਪੁਸ ਨੇ ਸਾਮਰੀਆਂ ਵਿਚ ''ਮਸੀਹ ਦਾ ਪ੍ਰਚਾਰ'' ਕਰਕੇ ਬਪਤਿਸਮੇ ਦਾ ਪ੍ਰਚਾਰ ਕੀਤਾ। ਜੇ ''ਮਸੀਹ ਦਾ ਪ੍ਰਚਾਰ'' ਕਰਨ ਵਿਚ ਬਪਤਿਸਮਾ ਸ਼ਾਮਲ ਨਾ ਹੁੰਦਾ, ਤਾਂ ਸਾਮਰੀਆਂ ਨੂੰ ਬਪਤਿਸਮਾ ਲੈਣ ਦੀ ਲੋੜ ਦਾ ਪਤਾ ਨਾ ਲਗਦਾ। ਅਤੀਤ ਵਿਚ, ਪ੍ਰਚਾਰ ਆਮ ਤੌਰ ਤੇ ਵਿਜ਼ੁਅਲ ਏਡ ਪੇਸ਼ਕਾਰੀ ਭਾਵ ਤਸਵੀਰਾਂ ਰਾਹੀਂ ਸਮਝਾਉਂਦੇ ਸਨ ਕਿ ''ਮਸੀਹ ਦਾ ਪ੍ਰਚਾਰ'' ਕਰਨ ਵਿਚ ਬਪਤਿਸਮਾ ਜ਼ਰੂਰੀ ਹੈ। ਪ੍ਰਚਾਰਕ ਆਪਣੇ ਸੁਣਨ ਵਾਲਿਆਂ ਨੂੰ ਦੱਸਦਾ ਕਿ ''ਮੈਂ ਮੁੰਡਿਆਂ ਵਿੱਚੋਂ ਇਕ ਨੂੰ ਹਦਾਇਤ ਦੇਣ ਵਾਲਾ ਹਾਂ।'' ਉਹ ਇਕ ਛੋਟੇ ਮੁੰਡੇ ਨੂੰ ਸਾਹਮਣੇ ਸੱਦ ਕੇ ਉਹਦੇ ਕੰਨ ਵਿਚ ਕੁਝ ਕਹਿੰਦਾ ਹੈ। ਮੁੰਡਾ ਭੱਜ ਕੇ ਬਾਹਰ ਜਾਂਦਾ ਅਤੇ ਇਕ ਪੱਥਰ ਲੈ ਆਉਂਦਾ ਹੈ। ਪ੍ਰਚਾਰਕ ਆਪਣੇ ਸੁਣਨ ਵਾਲਿਆਂ ਤੋਂ ਪੁੱਛਦਾ, ''ਤੁਹਾਨੂੰ ਕੀ ਲਗਦਾ ਹੈ ਕਿ ਮੈਂ ਇਸ ਨੂੰ ਕੀ ਕਰਨ ਲਈ ਕਿਹਾ ਹੋਵੇਗਾ?'' ਕਈਆਂ ਦਾ ਜਵਾਬ ਹੁੰਦਾ, ''ਤੁਸੀਂ

ਉਹਨੂੰ ਬਾਹਰ ਜਾ ਕੇ ਇਕ ਪੱਥਰ ਲਿਆਉਣ ਲਈ ਕਿਹਾ ਹੋਵੇਗਾ?'' ਪ੍ਰਚਾਰਕ ਫੇਰ ਕਹਿੰਦਾ, ''ਤੁਹਾਨੂੰ ਅਜਿਹਾ ਕਿਉਂ ਲੱਗਾ ਕਿ ਮੈਂ ਇਸ ਨੂੰ ਇਹੀ ਕਿਹਾ ਸੀ?'' ''ਕਿਉਂਕਿ ਉਸ ਨੇ *ਇਸੇ ਤਰ੍ਹਾਂ* ਕੀਤਾ।'' ਪ੍ਰਚਾਰਕ ਮੁਸਕਰਾਉਂਦਿਆਂ ਹੋਇਆਂ ਕਹਿੰਦਾ, ''ਹਾਂ, ਇਸੇ ਤਰ੍ਹਾਂ ਜਦ ਅਸੀਂ ਵੇਖਦੇ ਹਾਂ ਕਿ ਸਾਮਰੀਆਂ ਨੇ ਕੀਤਾ ਤਾਂ ਸਾਨੂੰ ਪਤਾ ਲਗ ਜਾਂਦਾ ਹੈ ਕਿ ਫਿਲਿੱਪੁਸ ਨੂੰ ਉਨ੍ਹਾਂ ਨੇ ਕੀ ਦੱਸਿਆ ਹੋਵੇਗਾ।''

ਮਸੀਹ ਅਤੇ ਬਪਤਿਸਮੇ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਯਿਸੂ ਨੇ ਬਪਤਿਸਮਾ ਲਿਆ (ਮੱਤੀ 3:13-17)। ਉਹਨੇ ਬਪਤਿਸਮੇ ਦਾ ਹੁਕਮ ਦਿੱਤਾ (ਮੱਤੀ 28:29; ਮਰਕੁਸ 16:16)। ਬਪਤਿਸਮਾ ਉਹਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਸਮਾਨਤਾ ਵਿਚ ਹੁੰਦਾ ਹੈ (ਰੋਮੀਆਂ 6:3-6)। ਅਸੀਂ ਮਸੀਹ ਵਿਚ ਬਪਤਿਸਮਾ ਲੈਂਦੇ ਹਾਂ (ਗਲਾਤੀਆਂ 3:26, 27)। ਜੇ ਮੈਂ ਅਤੇ ਤੁਸੀਂ ''ਮਸੀਹ ਦਾ ਪ੍ਰਚਾਰ'' ਪੂਰੀ ਤਰ੍ਹਾਂ ਕਰਦੇ ਹਾਂ, ਤਾਂ ਬਪਤਿਸਮਾ ਸਾਡੇ ਸੰਦੇਸ਼ ਦਾ ਜ਼ਰੂਰੀ ਭਾਗ ਹੋਣਾ ਚਾਹੀਦਾ ਹੈ।[6]

## ਸਾਰ

ਅਸੀਂ ਵੇਖਿਆ ਕਿ ਮਸੀਹ ਦਾ ਪ੍ਰਚਾਰ ਕਰਨ ਤੋਂ ਕੀ ਭਾਵ ਹੈ। ਮਸੀਹ ਦੇ ਪ੍ਰਚਾਰ ਵਿਚ ਸਿਰਫ਼ ਉਹਦੀ ਸ਼ਖ਼ਸੀਅਤ ਦੀਆਂ ਮਹਾਨ ਸੱਚਾਈਆਂ ਹੀ ਨਹੀਂ, ਸਗੋਂ ਰਾਜ/ਕਲੀਸੀਆ ਦੇ ਪ੍ਰਚਾਰ ਵਿਚ, ਉਹਦੇ ਨਾਮ ਦਾ ਪ੍ਰਚਾਰ ਅਤੇ ਬਪਤਿਸਮੇ ਬਾਰੇ ਦੱਸਣਾ ਵੀ ਸ਼ਾਮਲ ਹੈ। ਹੋਰ ਵਿਸ਼ਿਆਂ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਸੀ,[8] ਪਰ ਇਹ ਧਿਆਨ ਦੇਣ ਲਈ ਕਿ ''ਮਸੀਹ ਦਾ ਪ੍ਰਚਾਰ'' ਕਿੰਨਾ ਅਹਿਮ ਅਤੇ ਜ਼ਰੂਰੀ ਹੈ, ਇਹੀ ਕਾਫ਼ੀ ਹਨ।

ਜਿਵੇਂ ਕੁਝ ਲੋਕ ''ਮਸੀਹ ਦਾ ਪ੍ਰਚਾਰ'' ਕਰਦੇ ਹਨ, ਉਹਦੀ ਤੁਲਨਾ ਉਸ ਕਲੀਸੀਆ ਨਾਲ ਕੀਤੀ ਜਾ ਸਕਦੀ ਹੈ ਜਿਸ ਬਾਰੇ ਮੈਂ ਪੜ੍ਹਦਾ ਹਾਂ। ਇਸ ਕਲੀਸੀਆ ਨੇ ਪ੍ਰਾਰਥਨਾ ਭਵਨ ਦੇ ਇਕ ਪਾਸੇ ਵੱਡਾ ਸਾਰਾ ਬੋਰਡ ਲਾਇਆ: ''ਅਸੀਂ ਸਲੀਬ ਦਿੱਤੇ ਮਸੀਹ ਦਾ ਪ੍ਰਚਾਰ ਕਰਦੇ ਹਾਂ।'' ਵਕਤ ਗੁਜ਼ਰਨ ਤੇ ਕਲੀਸੀਆ ਦੇ ਕਈ ਲੋਕ ਲਹੂ ਦੀ ਕੁਰਬਾਨੀ ਦੀ ਗੱਲ ਤੋਂ ਪਰੇਸ਼ਾਨ ਹੋ ਗਏ, ਸੋ ''ਸਲੀਬ ਦਿੱਤੇ'' ਵਾਕ ਤੇ ਚਿੱਟਾ ਪੇਂਟ ਕਰ ਦਿੱਤਾ ਗਿਆ। ਫਿਰ ਉੱਥੇ ਇਹ ਵਾਕ ਲਿਖਿਆ ਦਿਸਣ ਲੱਗਾ: ''ਅਸੀਂ ਮਸੀਹ ਦਾ ਪ੍ਰਚਾਰ ਕਰਦੇ ਹਾਂ।'' ਥੋੜ੍ਹੀ ਦੇਰ ਬਾਅਦ, ਉੱਥੇ ਇਕ ਨਵਾਂ ਪ੍ਰਚਾਰਕ ਆ ਗਿਆ; ਉਹ ਯਿਸੂ ਦੀ ਕਹਾਣੀ ਨਾਲੋਂ ਵੱਧ, ਚਲੰਤ ਮਾਮਲਿਆਂ ਤੇ ਸਮਾਂ ਗੁਜ਼ਾਰਦਾ ਸੀ, ਸੋ ''ਮਸੀਹ ਦਾ'' ਲਿਖੇ ਹੋਏ ਥਾਂ ਤੇ ਪੇਂਟ ਕਰ ਦਿੱਤਾ ਗਿਆ ਅਤੇ ਹੁਣ ਉੱਥੇ ਇਹ ਲਿਖਿਆ ਰਹਿ ਗਿਆ, ''ਅਸੀਂ ਪ੍ਰਚਾਰ ਕਰਦੇ ਹਾਂ।'' ਅਖ਼ੀਰ ਵਿਚ, ਕਲੀਸੀਆ ਨੇ ਫ਼ੈਸਲਾ ਕੀਤਾ ਕਿ ਲੋਕਾਂ ਤਕ ਪਹੁੰਚਣ ਲਈ ਪ੍ਰਚਾਰ ਹੁਣ ਕੋਈ ਜ਼ਰੀਆ ਨਹੀਂ ਰਿਹਾ, ਸੋ ਉਨ੍ਹਾਂ ਨੇ ''ਪ੍ਰਚਾਰ ਕਰਦੇ ਹਾਂ'' ਸ਼ਬਦਾਂ ਤੇ ਪੇਂਟ ਕਰ ਦਿੱਤਾ ਅਤੇ ਹੁਣ ਉੱਥੇ ਨਾਟਕ ਅਤੇ ਸੰਗੀਤ ਸਭਾਵਾਂ ਕਰਨ ਲੱਗ ਪਏ। ਫਿਰ ਉੱਥੇ ਸਿਰਫ਼ ''ਅਸੀਂ'' ਹੀ ਲਿਖਿਆ ਰਹਿ ਗਿਆ। ਖ਼ੁਦਾ ਸਾਡੀ ਮਦਦ ਕਰੇ ਕਿ ਅਸੀਂ ''ਮਸੀਹ ਅਤੇ ਉਹਦੇ ਸਲੀਬ ਦਿੱਤੇ ਜਾਣ ਦੇ ਪ੍ਰਚਾਰ'' ਵਿੱਚੋਂ *ਕਿਸੇ* ਵੀ ਗੱਲ ਨੂੰ ਨਾ ਕੱਢੀਏ!

ਇਸ ਪਾਠ ਵਿਚ ਜਿਨ੍ਹਾਂ ਪਹਿਲੂਆਂ ਤੇ ਵਿਚਾਰ ਕੀਤਾ ਹੈ, ਉਨ੍ਹਾਂ ਦਾ ਆਪਸ ਵਿਚ ਬੜਾ ਗੂੜ੍ਹਾ ਸਬੰਧ ਹੈ ਕਿਉਂਕਿ ਜਦ ਅਸੀਂ ਯਿਸੂ ਦੇ *ਨਾਮ* ਨਾਲ *ਬਪਤਿਸਮਾ* ਲੈਂਦੇ ਹਾਂ, ਤਾਂ ਖ਼ੁਦਾ ਸਾਨੂੰ *ਰਾਜ/ਕਲੀਸੀਆ* ਵਿਚ ਮਿਲਾ ਲੈਂਦਾ ਹੈ ਜਿਸ ਨੂੰ ਮਸੀਹ ਦਾ *ਨਾਮ* ਮਿਲਿਆ ਹੈ (ਰਸੂਲਾਂ ਦੇ ਕੰਮ 2:38, 41, 47; ਕੁਲੁੱਸੀਆਂ 1:13; ਰੋਮੀਆਂ 16:16)। ਕੀ *ਤੁਸੀਂ* ਯਿਸੂ ਦੇ ਨਾਮ ਵਿਚ

ਬਪਤਿਸਮਾ ਲੈਣਾ ਪਸੰਦ ਕਰੋਗੇ ਤਾਂ ਜੋ ਖ਼ੁਦਾ *ਤੁਹਾਨੂੰ* ਉਹਦੇ ਰਾਜ/ਕਲੀਸੀਆ ਵਿਚ ਮਿਲਾ ਸਕੇ? ਆਇਤ 12 ਤੇ ਫੇਰ ਧਿਆਨ ਦਿਓ: ''ਜਾਂ ਉਨ੍ਹਾਂ [ਸਾਮਰੀਆਂ] ਨੇ ਫ਼ਿਲਿੱਪੁਸ ਦੀ ਪ੍ਰਤੀਤ ਕੀਤੀ ਜੋ ਪ੍ਰਮੇਸ਼ਵਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ਖ਼ਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਂਆਂ ਬਪਤਿਸਮਾ ਲੈਣ ਲੱਗੇ।'' ਉਨ੍ਹਾਂ ਨੇ ਵਿਸ਼ਵਾਸ ਕਰਕੇ ਹੁਕਮ ਮੰਨਿਆ। ਉਨ੍ਹਾਂ ਨੇ ਉਡੀਕ ਨਹੀਂ ਕੀਤੀ; ਉਨ੍ਹਾਂ ਨੇ ਨਾਂਹ ਨੁੱਕਰ ਨਹੀਂ ਕੀਤੀ; ਉਨ੍ਹਾਂ ਨੇ ਉਹੀ ਕੀਤਾ ਜੋ ਖ਼ੁਦਾ ਚਾਹੁੰਦਾ ਸੀ ਕਿ ਉਹ ਕਰਨ (ਮੱਤੀ 6:33; ਇਬਰਾਨੀਆਂ 4:7; 2 ਕੁਰਿੰਥੀਆਂ 6:2; ਉਪਦੇਸ਼ਕ ਦੀ ਪੋਥੀ 12:1 ਵੀ ਵੇਖੋ)! ਕੀ ਤੁਸੀਂ ਵੀ ਅੱਜ ਉਹੀ ਨਹੀਂ ਕਰੋਗੇ?

---

## ਵਿਜ਼ੂਅਲ-ਏਡ ਨੋਟਸ

---

ਬੋਰਡ ਵਾਲੀ ਉਦਾਹਰਣ ਕਿ ''ਅਸੀਂ ਸਲੀਬ ਦਿੱਤੇ ਮਸੀਹ ਦਾ ਪ੍ਰਚਾਰ ਕਰਦੇ ਹਾਂ'' ਪੇਸ਼ ਕੀਤੀ ਜਾ ਸਕਦੀ ਹੈ। ਬੋਰਡ ਤੇ ਇਹੋ ਜਿਹਾ ਨਿਸ਼ਾਨ ਬਣਾਉ ਅਤੇ ਇਕ ਇਕ ਕਰਕੇ ਸ਼ਬਦਾਂ ਨੂੰ ਮਿਟਾਉਂਦੇ ਰਹੋ।

ਇਕ ਪ੍ਰਚਾਰਕ ਨੇ ਇਸ ਉਦਾਹਰਣ ਦੀ ਨਕਲ ਕਰਕੇ ਇਸ ਬੋਰਡ ਨੂੰ ਇਕ ਲਾਈਨ ਵਿਚ ਇਕ ਸ਼ਬਦ ਲਿਖ ਕੇ ਕੰਧ ਤੇ ਲਮਕਾ ਦਿੱਤਾ। ਉਹਦੇ ਕੋਲ ਇਸ ਬੋਰਡ ਤੇ ''ਵਧਦੀ ਹੋਈ'' ਇਕ *ਝਾੜੀ* ਸੀ, ਜੋ ਇਕ ਵਾਰ ਵਧਣ ਤੇ ਇਕ ਸ਼ਬਦ ਨੂੰ ਢੱਕ ਲੈਂਦੀ ਸੀ। ਜੇ ਵਾਜਬ ਹੋਵੇ ਤਾਂ ਤੁਸੀਂ ਇਕ ਛੋਟੇ ਮੁੰਡੇ ਨੂੰ ਪੱਥਰ ਲਿਆਉਣ ਲਈ ਭੇਜ ਕੇ ਉਨ੍ਹਾਂ ਰਹਿਨੁਮਾ ਪ੍ਰਚਾਰਕਾਂ ਦੁਆਰਾ ਵਰਤੇ ਢੰਗ ਦੀ ਵਰਤੋਂ ਕਰ ਸਕਦੇ ਹੋ ਕਿ ਮਸੀਹ ਦਾ ਪ੍ਰਚਾਰ ਕਰਨ ਵਿਚ ਬਪਤਿਸਮੇ ਦੀ ਸਿੱਖਿਆ ਵੀ ਸ਼ਾਮਲ ਹੈ।

---

ਟਿੱਪਣੀਆਂ

[1]ਕਈ ਵਾਰ ਅੰਗ੍ਰੇਜ਼ੀ ਵਿਚ ਇਸ ਨੂੰ ''ਸਿਗਮੰਡ'' ਕਿਹਾ ਜਾਂਦਾ ਹੈ। ਸਿਗਮੰਡ ਗ੍ਰੀ ਇਕ ਮਹਾਨ ਕੋਰੀਆਈ ਲੀਡਰ ਸੀ। [2]ਇਹ ਗੱਲ ਬਰਟਨ ਕਾਫ਼ਮੈਨ ਦੀ *ਦ ਗੌਸਪਲ ਇਨ ਗੋਥਮ* (ਨਿਊ ਯਾਰਕ: ਲੇਖਕ ਵੱਲੋਂ, ਮਿਤੀ ਰਹਿਤ), 217 ਵਿਚ ਦੁਹਰਾਈ ਗਈ ਹੈ। [3]ਜੌਨ ਏ. ਰੈੱਡਹੈੱਡ, *ਗੈਟਿੰਗ ਟੂ ਨੋ ਗਾਡ (ਐਂਡ ਅਦਰ ਸਰਮੰਜ਼)* (ਨਿਊ ਯਾਰਕ: ਅਬਿੰਗਡਨ ਪ੍ਰੈਸ, 1954), 8. [4]ਸ਼ਰ੍ਹਾ ਦੀਆਂ ਪੰਜ ਕਿਤਾਬਾਂ ਵਿੱਚੋਂ (ਜਿਨ੍ਹਾਂ ਨੂੰ ਉਹ ਮੰਨਦੇ ਸਨ) ਸਾਮਰੀਆਂ ਨੂੰ ਮੂਸਾ ਵਰਗੇ ਇਕ ਨਬੀ ਦੇ ਸੰਸਾਰ ਵਿਚ ਆਉਣ ਬਾਰੇ ਪਤਾ ਲੱਗਿਆ ਸੀ (ਵਿਵਸਥਾਸਾਰ 18:15, 18, 19)। ਕਿਉਂਕਿ ਨਬੀਆਂ ਨੂੰ ਮਸਹ ਕੀਤਾ ਜਾਂਦਾ ਸੀ, ਸਾਮਰੀਆਂ ਵੱਲੋਂ ਮਸੀਹ ਲਈ ਕੁਝ ਯਹੂਦੀ ਧਾਰਣਾਵਾਂ ਦੇ ਸ਼ਬਦ ਯਹੂਦੀ ''ਮਸਾਯਾਹ'' (''ਮਸਹ ਕੀਤਾ ਹੋਇਆ'' ਜਾਂ ਚੁਣਿਆ ਹੋਇਆ) ਨੂੰ ਸਹੀ ਮੰਨਣਾ ਕੁਦਰਤੀ ਸੀ। [5]ਮੱਤੀ 16:18, 19 ਵਿਚ ਵੇਖੋ ਜਿਸ ਵਿਚ ''ਰਾਜ'' ਅਤੇ ''ਕਲੀਸੀਆ'' ਸ਼ਬਦ ਨੂੰ ਇਕ ਦੂਜੇ ਲਈ ਵਰਤਿਆ ਗਿਆ ਹੈ। ''ਰੂੜੀਵਾਦੀ ਅਤੇ ਸੁਧਾਰਵਾਦੀ ਦੋਵੇਂ ਤਰ੍ਹਾਂ ਦੇ ਵਿਦਵਾਨ ਇਸ ਨੂੰ ਸਬੂਤ ਦੇ ਤੌਰ ਤੇ ਵੇਖਦੇ ਆਏ ਹਨ ਕਿ ਕਲੀਸੀਆ ਅਤੇ ਪ੍ਰਮੇਸ਼ਵਰ ਦਾ ਰਾਜ ਇੱਕੋ ਸੰਸਥਾ ਹੈ'' (ਕਾਫ਼ਮੈਨ, 157)। [6]ਇਸ ਗੱਲ ਨੂੰ ਅਗਲੇ ਪਾਠ ਵਿਚ ਖੋਜੇ ਦੀ ਮਨਬਦਲੀ ਵਿਚ ਵਿਸਤਾਰ ਨਾਲ ਦੱਸਿਆ ਗਿਆ ਹੈ। [7]ਉਨ੍ਹਾਂ ਜ਼ਿਮੇਵਾਰੀਆਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਜੋ ਮਸੀਹੀ ਹੋਣ ਦੇ ਨਾਤੇ ਸਾਨੂੰ ਦਿੱਤੀਆਂ ਗਈਆਂ ਹਨ।